ਗੁਰੂ ਨਾਨਕ – ਸਬਦ ੬੫

ਧਨੁ ਜੋਬਨੁ ਅਰੁ ਫੁਲੜਾ ਨਾਠੀਅੜੇ ਦਿਨ ਚਾਰਿ ॥

ਰਾਗੁ ਸਿਰੀਰਾਗੁ, ਗੁਰੂ ਨਾਨਕ, ਗੁਰੂ ਗ੍ਰੰਥ ਸਾਹਿਬ, ੨੩

ਧਨੁ ਜੋਬਨੁ ਅਰੁ ਫੁਲੜਾ ਨਾਠੀਅੜੇ ਦਿਨ ਚਾਰਿ ॥
ਪਬਣਿ ਕੇਰੇ ਪਤ ਜਿਉ ਢਲਿ ਢੁਲਿ ਜੁੰਮਣਹਾਰ ॥੧॥
ਰੰਗੁ ਮਾਣਿ ਲੈ ਪਿਆਰਿਆ ਜਾ ਜੋਬਨੁ ਨਉ ਹੁਲਾ ॥
ਦਿਨ ਥੋੜੜੇ ਥਕੇ ਭਇਆ ਪੁਰਾਣਾ ਚੋਲਾ ॥੧॥ ਰਹਾਉ ॥
ਸਜਣ ਮੇਰੇ ਰੰਗੁਲੇ ਜਾਇ ਸੁਤੇ ਜੀਰਾਣਿ ॥
ਹੰ ਭੀ ਵੰਞਾ ਡੁਮਣੀ ਰੋਵਾ ਝੀਣੀ ਬਾਣਿ ॥੨॥
ਕੀ ਨ ਸੁਣੇਹੀ ਗੋਰੀਏ ਆਪਣ ਕੰਨੀ ਸੋਇ ॥
ਲਗੀ ਆਵਹਿ ਸਾਹੁਰੈ ਨਿਤ ਨ ਪੇਈਆ ਹੋਇ ॥੩॥
ਨਾਨਕ ਸੁਤੀ ਪੇਈਐ ਜਾਣੁ ਵਿਰਤੀ ਸੰਨਿ ॥
ਗੁਣਾ ਗਵਾਈ ਗੰਠੜੀ ਅਵਗਣ ਚਲੀ ਬੰਨਿ ॥੪॥੨੪॥

ਸਾਰ: ਆਪਣੀ ਵਾਸਤਵਿਕ ਤਾਕਤ ਨੂੰ ਉਜਾਗਰ ਕਰਨ ਲਈ ਸਵੈ-ਪ੍ਰਮਾਣੀਕਰਨ ਜ਼ਰੂਰੀ ਹੈ, ਕਿਉਂ ਕਿ ਇਹ ਤਹਾਨੂੰ ਤੁਹਾਡੇ ਅੰਤਰੀਵੀ ਉਦੇਸ਼ ਨੂੰ ਸਮਝਣ ਅਤੇ ਜੀਵਨ ਨੂੰ ਪ੍ਰਮਾਣਿਕਤਾ ਨਾਲ ਜੀਉਣ ਵਿਚ ਮਦਦ ਕਰਦਾ ਹੈ। ਜਿਸ ਤਰ੍ਹਾਂ ਕਿ ਸਾਡੀ ਭੌਤਿਕ ਹੋਂਦ ਅਸਥਾਈ ਹੈ, ਸਿਰਫ਼ ਆਪਣੀ ਭੌਤਿਕ ਪਛਾਣ 'ਤੇ ਧਿਆਨ ਕੇਂਦਰਿਤ ਕਰਨ ਨਾਲ ਅਸੀਂ ਅੰਤਰੀਵੀ ਵਿਕਾਸ, ਗਿਆਨ ਅਤੇ ਰੂਹਾਨੀ ਅਨੁਭਵ ਤੋਂ ਭਟਕ ਸਕਦੇ ਹਾਂ। ਬਿਬੇਕ ਉਮਰਾਂ ਦੀਆਂ ਹੱਦਬੰਦੀਆਂ ਤੋਂ ਪਾਰ, ਉਸ ਸਮੇਂ ਪ੍ਰਫੁੱਲਿਤ ਹੁੰਦਾ ਹੈ; ਜਦੋਂ ਕੋਈ ਖੁੱਲੇ ਮਨ ਨਾਲ, ਨਿਰੰਤਰ ਸਿੱਖਦੇ ਹੋਏ, ਉਤਸ਼ਾਹ ਅਤੇ ਉਤਸੁਕਤਾ ਨਾਲ ਜੀਵਨ ਜੀਉਣ ਦਾ ਫ਼ੈਸਲਾ ਲੈਂਦਾ ਹੈ।

ਧਨੁ ਜੋਬਨੁ ਅਰੁ ਫੁਲੜਾ ਨਾਠੀਅੜੇ ਦਿਨ ਚਾਰਿ ॥

ਦੌਲਤ, ਜਵਾਨੀ ਅਤੇ ਖਿੜੇ ਹੋਏ ਫੁੱਲ ਮਹਿਮਾਨ ਦੀ ਤਰ੍ਹਾਂ ਹੁੰਦੇ ਹਨ ਜੋ ਕੁਝ ਦਿਨਾਂ ਬਾਅਦ ਰੁਖ਼ਸਤ ਹੋ ਜਾਂਦੇ ਹਨ।

ਪਬਣਿ ਕੇਰੇ ਪਤ ਜਿਉ ਢਲਿ ਢੁਲਿ ਜੁੰਮਣਹਾਰ ॥੧॥

ਲਿਲੀ ਦੇ ਪੱਤੇ ਮੁਰਝਾ, ਨਸ਼ਟ ਹੋ ਜਾਂਦੇ ਹਨ, ਜੋ ਕਿ ਹੋਂਦ ਦੀ ਛਿੰਨ-ਭੰਗਰਤਾ ਨੂੰ ਦਰਸਾਉਂਦਾ ਹੈ। (੧)

ਰੰਗੁ ਮਾਣਿ ਲੈ ਪਿਆਰਿਆ ਜਾ ਜੋਬਨੁ ਨਉ ਹੁਲਾ ॥

ਹੇ ਪਿਆਰੇ ਮਿੱਤਰ, ਸਵੈ-ਪ੍ਰਮਾਣੀਕਤਾ ਦੇ ਅਨੰਦ ਦਾ ਨਜ਼ਾਰਾ ਲਵੋ, ਅਤੇ ਨਵੀਨ ਦ੍ਰਿਸ਼ਟੀਕੋਣ ਲਈ ਜਵਾਨੀ ਭਰਪੂਰ ਉਤਸ਼ਾਹ ਬਣਾਈ ਰੱਖੋ।

ਦਿਨ ਥੋੜੜੇ ਥਕੇ ਭਇਆ ਪੁਰਾਣਾ ਚੋਲਾ ॥੧॥ ਰਹਾਉ ॥

ਜ਼ਿੰਦਗੀ ਛੋਟੀ ਹੈ ਅਤੇ ਸਰੀਰ ਪੁਰਾਣੇ ਪਾਟੇ ਹੋਏ ਕੱਪੜੇ ਦੀ ਤਰ੍ਹਾਂ ਬਿਰਧ ਹੋ, ਥੱਕ ਜਾਂਦਾ ਹੈ, ਜਿਸ ਦੀ ਹੁਣ ਕੋਈ ਸਾਰਥਕਤਾ ਨਹੀਂ ਰਹਿੰਦੀ। (੧)(ਠਹਿਰਾਉ)

ਸਜਣ ਮੇਰੇ ਰੰਗੁਲੇ ਜਾਇ ਸੁਤੇ ਜੀਰਾਣਿ ॥

ਸੰਗੀ ਸਾਥੀ ਜਿਨ੍ਹਾਂ ਨਾਲ ਕਦੇ ਜੀਵਨ ਨਾਲ ਭਰਪੂਰ ਸੀ, ਹੁਣ ਚਲੇ ਗਏ ਹਨ ਅਤੇ ਕਬਰਾਂ ਵਿੱਚ ਆਰਾਮ ਕਰ ਰਹੇ ਹਨ, ਜੋ ਕਿ ਭੌਤਿਕ ਹੋਂਦ ਦੇ ਅਸਥਾਈਤਾ ਦਾ ਪ੍ਰਤੀਕ ਹੈ।

ਹੰ ਭੀ ਵੰਞਾ ਡੁਮਣੀ ਰੋਵਾ ਝੀਣੀ ਬਾਣਿ ॥੨॥

ਅਸੀਂ ਵੀ ਚਲੇ ਜਾਵਾਂਗੇ; ਸੰਦੇਹ ਕਰਨ ਵਾਲੇ ਉਦਾਸੀਨਤਾ ਦਾ ਅਨੁਭਵ ਕਰਦੇ ਹਨ, ਹੋਂਦ ਦੀ ਅਸਥਿਰਤਾ 'ਤੇ ਵਿਰਲਾਪ ਕਰਦੇ ਹਨ। (੨)

ਕੀ ਨ ਸੁਣੇਹੀ ਗੋਰੀਏ ਆਪਣ ਕੰਨੀ ਸੋਇ ॥

ਕੀ ਤੁਹਾਡੀ ਚੇਤਨਾ ਨੇ ਇਸਨੂੰ ਆਪਣੇ ਕੰਨਾਂ ਨਾਲ ਨਹੀਂ ਸੁਣਿਆ? ਇਹ ਸਾਨੂੰ ਇਹ ਵਿਚਾਰ ਕਰਨ ਲਈ ਪ੍ਰੇਰਿਤ ਕਰਦਾ ਹੈ ਕਿ ਕੀ ਅਸੀਂ ਜੀਵਨ ਦੇ ਅੰਤਰੀਵੀ ਅਤੇ ਬਾਹਰੀ ਬਦਲਾਵਾਂ ਨੂੰ ਸੁਚੇਤ ਰੂਪ ਵਿਚ ਅਨੁਭਵ ਕਰਦੇ ਹਾਂ।

ਲਗੀ ਆਵਹਿ ਸਾਹੁਰੈ ਨਿਤ ਨ ਪੇਈਆ ਹੋਇ ॥੩॥

ਮੰਗੇਤਰ ਨੂੰ ਆਪਣੇ ਸਹੁਰੇ ਘਰ ਜਾਣਾ ਹੀ ਪੈਂਦਾ ਹੈ; ਆਪਣੇ ਮਾਪਿਆਂ ਦੇ ਘਰ ਰਹਿਣਾ ਕੋਈ ਸਥਾਈ ਹੱਲ ਨਹੀਂ ਹੈ। ਇਹ ਉਦਾਹਰਣ ਸਾਨੂੰ ਯਾਦ ਦਿਵਾਉਂਦੀ ਹੈ ਕਿ ਭੌਤਿਕ ਸੰਸਾਰ ਅਸਥਾਈ ਹੈ ਅਤੇ ਹਰ ਜੀਵ ਨੂੰ ਇਥੋਂ ਵਿਦਾ ਹੋਣਾ ਪੈਂਦਾ ਹੈ। (੩)

ਨਾਨਕ ਸੁਤੀ ਪੇਈਐ ਜਾਣੁ ਵਿਰਤੀ ਸੰਨਿ ॥

ਨਾਨਕ ਕਹਿੰਦੇ ਹਨ ਕਿ ਜੀਵ ਦਿਨ-ਦਿਹਾੜੇ ਆਪਣੇ ਮਾਪਿਆਂ ਦੇ ਘਰ ਬਿਨਾਂ ਕਿਸੇ ਚਿੰਤਾ ਦੇ ਸੌਂਦੇ ਹੈ, ਭਾਵੇਂ ਉਹ ਜਾਣਦਾ ਹੈ ਕਿ ਘਰ ਲੁੱਟਿਆ ਜਾ ਰਿਹਾ ਹੈ। ਇਹ ਕਲਪਨਿਕ ਸਚ ਅਸਥਾਈ ਸੰਸਾਰਿਕ ਸੁੱਖਾਂ ਵਿੱਚ ਫਸ ਕੇ ਆਪਣੀ ਸ਼ਾਂਤੀ ਗੁਆਉਣ ਦੇ ਖ਼ਤਰੇ ਨੂੰ ਪ੍ਰਗਟ ਕਰਦਾ ਹੈ।

ਗੁਣਾ ਗਵਾਈ ਗੰਠੜੀ ਅਵਗਣ ਚਲੀ ਬੰਨਿ ॥੪॥੨੪॥

ਇਸ ਮਨੋਸਥਿਤੀ ਵਿਚ ਅਸੀਂ ਆਪਣੇ ਗੁਣਾਂ ਤੋਂ ਵਿਹੂਣੇ ਹੋ, ਔਗੁਣਾਂ ਦਾ ਭਾਰੀ ਬੋਝ ਇਕੱਠਾ ਕਰ ਲੈਂਦੇ ਹਾਂ। (੪)(੨੪)

ਤੱਤ: ਗੁਰੂ ਨਾਨਕ ਸਚੀ ਚੇਤਨਾ ਦੇ ਤਤਸਾਰ ਬਾਰੇ ਇਕ ਗੂੜ੍ਹ ਸੰਦੇਸ਼ ਦਿੰਦੇ ਹਨ, ਅਤੇ ਜੀਵ ਨੂੰ ਸੀਮਾਂਵਾਂ ਬੱਧ ਮਨੋਸਥਿਤੀ ਦੀਆਂ ਰੁਕਾਵਟਾਂ ਦੂਰ ਕਰਨ, ਖੁੱਲ੍ਹੇਪਣ ਅਤੇ ਗ੍ਰਹਿਣਸ਼ੀਲਤਾ ਦੀ ਭਾਵਨਾ ਅਪਣਾਉਣ ਲਈ ਉਤਸ਼ਾਹਿਤ ਕਰਦੇ ਹਨ। ਉਹ ਚੇਤਾਵਨੀ ਦਿੰਦੇ ਹਨ ਕਿ ਦੁਨਿਆਵੀ ਸੁੱਖ-ਸਹੂਲਤਾਂ, ਜਿਵੇਂ ਕਿ ਭੌਤਿਕ ਚੀਜ਼ਾਂ ਅਤੇ ਅਸਥਾਈ ਸੁੱਖਾਂ ਨਾਲ ਲਗਾਵ, ਸਾਡੀ ਰੂਹਾਨੀਅਤ ਨੂੰ ਖ਼ਤਰੇ ਵਿੱਚ ਪਾ ਸਕਦਾ ਹੈ। ਅਜਿਹਾ ਕਰਨ ਨਾਲ ਅਸੀਂ ਆਪਣੇ ਅੰਤਰੀਵੀ ਗੁਣਾਂ ਨਾਲ ਸੰਬੰਧ ਤੋੜ, ਚੇਤਨਾ 'ਤੇ ਭਾਰੀ ਬੋਝ ਪਾਉਣ ਦਾ ਜੋਖਮ ਲੈ ਲੈਂਦੇ ਹਾਂ।

---

ਸਬਦ ਵਿਆਖਿਆ ਵਿਨਇੰਦਰ ਕੌਰ ਅਤੇ ਅਮਰਦੀਪ ਸਿੰਘ

**Oneness In Diversity Research Foundation**

ਵੈੱਬਸਾਈਟ: **OnenessInDiversity.com**

ਈਮੇਲ: **onenessindiversityfoundation@gmail.com**